# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਨੰ: 6015/ ਕੈਂਟਰੋਲਰ

ਮਿਤੀ : 19-06-2023

## ਪ੍ਰੀਖਿਆਵਾਂ ਸਬੰਧੀ ਜਰੂਰੀ ਸੂਚਨਾ

ਕੁੱਝ ਕਾਲਜਾਂ ਵੱਲੋਂ ਯੂਨੀਵਰਸਿਟੀ ਪ੍ਰੀਖਿਆਵਾਂ ਦਾ ਬਾਈਕਾਟ ਕਰਨ ਕਰਕੇ ਉਨ੍ਹਾਂ ਕਾਲਜਾਂ ਵਿਖੇ ਸਥਾਪਤ ਪ੍ਰੀਖਿਆ ਕੇਂਦਰਾਂ ਤੇ ਮਿਤੀ 31-5-2023 (ਸਵੇਰ ਅਤੇ ਸ਼ਾਮ ਦੇ ਸੈਸ਼ਨ) ਵਿੱਚ ਕਈ ਵਿਦਿਆਰਥੀ ਆਪਣੀਆਂ ਪ੍ਰੀਖਿਆਵਾਂ ਨਹੀਂ ਦੇ ਸਕੇ ਸਨ।

ਅਜਿਹੇ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਨ੍ਹਾਂ ਦੇ ਮਿਤੀ 31-5-2023 ਨੂੰ ਰਹਿੰਦੇ ਪਰਚਿਆਂ ਦੀਆਂ ਪ੍ਰੀਖਿਆਵਾਂ ਮਿਤੀ 30-6-2023 (ਸ਼ੁੱਕਰਵਾਰ) ਨੂੰ ਕੰਡਕਟ ਕਰਵਾਈਆਂ ਜਾ ਰਹੀਆਂ ਹਨ। ਇਹ ਸਪਸ਼ਟ ਹੈ ਕਿ ਇਨ੍ਹਾਂ ਪ੍ਰੀਖਿਆਵਾਂ ਦਾ ਸਮਾਂ ਅਤੇ ਸਥਾਨ (ਪ੍ਰੀਖਿਆ ਕੇਂਦਰ) ਪਹਿਲਾਂ ਵਾਲਾ ਹੀ ਰਹੇਗਾ।

ਬੀ.ਐਡ. ਸਮੈਸਟਰ-ਦੂਜਾ ਦੇ ਮਿਤੀ 31-5-2023 ਨੂੰ ਹੋਣ ਵਾਲੇ ਪਰਚੇ EDUBED-201 T : ਸੋਸ਼ਿਆਲੋਜੀਕਲ ਪ੍ਰਸਪੈਕਟਿਵ ਇਨ ਐਜੂਕੇਸ਼ਨ (10111) ਦੀ ਪ੍ਰੀਖਿਆ ਜੋ ਵਿਦਿਆਰਥੀ ਨਹੀਂ ਦੇ ਸਕੇ ਸਨ, ਉਨ੍ਹਾਂ ਲਈ ਇਸ ਪਰਚੇ ਦੀ ਪ੍ਰੀਖਿਆ ਮਿਤੀ 10-7-2023 (ਸੋਮਵਾਰ) ਨੂੰ ਕਰਵਾਈ ਜਾਵੇਗੀ। ਇਹ ਪ੍ਰੀਖਿਆ ਸਵੇਰ ਦੇ ਸੈਸ਼ਨ (ਸਮਾਂ : 9.30 ਵਜੇ ਸਵੇਰ ਤੋਂ 12.30 ਵਜੇ ਬਾਅਦ ਦੁਪਹਿਰ ਤੱਕ) ਹੋਵੇਗਾ ਅਤੇ ਪ੍ਰੀਖਿਆ ਕੇਂਦਰ ਜਿਥੇ ਉਹਨਾਂ ਦੀਆਂ ਪ੍ਰੀਖਿਆਵਾਂ ਹੁਣ ਹੋ ਰਹੀਆਂ ਹਨ, ਵਿਖੇ ਹੋਵੇਗੀ।

ਇਨ੍ਹਾਂ ਪ੍ਰੀਖਿਆਵਾਂ ਸਬੰਧੀ ਕੋਈ ਵੱਖਰੀ ਡੇਟ-ਸ਼ੀਟ ਜਾਰੀ ਨਹੀਂ ਕੀਤੀ ਜਾਵੇਗੀ।

ਨੋਟ : ਜਿਹਨਾਂ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ, ਪ੍ਰੀਖਿਆ ਕੇਂਦਰ ਪਟਿਆਲਾ-710 : ਐਮ.ਐਮ.ਮੋਦੀ ਕਾਲਜ ਅਤੇ ਮੋਹਾਲੀ-615 : ਖਾਲਸਾ ਕਾਲਜ (ਅੰਮ੍ਰਿਤਸਰ) ਆਫ ਟੈਕਨਾਲੋਜੀ ਐਂਡ ਬਿਜਨੈਸ ਸਟੱਡੀਜ਼ ਵਿਖੇ ਮਿਤੀ 1-6-2023 ਨੂੰ ਕੰਡਕਟ ਨਹੀਂ ਹੋਈਆਂ ਉਨ੍ਹਾਂ ਸਬੰਧੀ ਨਵੀਂ ਮਿਤੀ ਇਕ-ਦੋ ਦਿਨਾਂ ਵਿੱਚ ਜਾਰੀ ਕਰ ਦਿੱਤੀ ਜਾਵੇਗੀ।

19/6/23

ਕੰਟਰੋਲਰ (ਪ੍ਰੀਖਿਆਵਾਂ)